ਅ) **ਧਾਤਾਂ ਦੇ ਚੂਰੇ ਦਾ ਖੁਰਾਕ ਵਿੱਚ ਨਾ ਹੋਣਾ** : ਧਾਤਾਂ (ਤਾਂਬਾ, ਕੋਬਾਲਟ, ਲੋਹਾ, ਆਇਓਡੀਨ, ਮੈਗਨੀਜ, ਜ਼ਿੰਕ ਆਦਿ) ਜਨਣ ਅੰਗਾਂ ਦੇ ਵਿਕਸਿਤ ਹੋਣ ਅਤੇ ਸੁਚਾਰੂ ਰੂਪ ਵਿੱਚ ਕੰਮ ਕਰਨ ਵਿੱਚ ਮਦਦ ਕਰਦੀਆਂ ਹਨ ।

ੲ) **ਸਰੀਰ ਵਿੱਚ ਹਾਰਮੋਨਾਂ ਦਾ ਸੰਤੁਲਨ ਵਿਗੜਨਾ** :

ਹਰੇ ਚਾਰੇ ਜਿਵੇਂ ਕਿ ਬਰਸੀਮ, ਲੂਸਣ → ਵੱਧ ਇਸਟ੍ਰੋਜਨ ਵਰਗੇ ਪਦਾਰਥ

ਉੱਲੀ ਲੱਗੇ ਪੱਠੇ ਜਾਂ ਵੰਡ → ਵੱਧ ਇਸਟ੍ਰੋਜਨ ਵਰਗੇ ਪਦਾਰਥ

ਸ) **ਗਰਮ ਵਾਤਾਵਰਣ** : ਦੋਗਲੀ / ਵਲੈਤੀ ਗਾਂ ਗਰਮੀ ਵੱਧ ਮੰਨਦੀ ਹੈ। ਖਾਸ ਕਰਕੇ ਜ਼ਿਆਦਾ ਨਮੀ (ਹੁੰਮਸ) ਵਾਲਾ ਮੌਸਮ ਕਾਫੀ ਬੋਝ ਵਾਲਾ ਹੁੰਦਾ ਹੈ। ਸੋ ਉਨ੍ਹਾਂ ਨੂੰ ਆਸ ਕਰਵਾਉਣ ਤੋਂ ਪਹਿਲਾਂ ਨਹਾਉ ਅਤੇ ਰੁੱਖਾਂ ਦੀ ਛਾਂ ਹੇਠਾ ਬੰਨੋ ।

ਹ) ਹਰੇਕ ਪਸ਼ੂ ਦਾ ਰਿਕਾਰਡ ਨਾ ਰੱਖਣਾ

## ਪ੍ਰਬੰਧਕੀ ਨੁਕਤੇ ਜਾਂ ਸਿਫਾਰਸ਼ਾਂ

1) ਪਹਿਲੇ ਹੇਹੇ ਵੇਲੇ ਵਹਿੜ ਜਾਂ ਝੋਟੀ ਦੀ ਪ੍ਰਜਨਣ ਜਾਂਚ ਮਾਹਿਰ ਤੋਂ ਕਰਵਾਉ । ਜਮਾਂਦਰੂ ਨੁਕਸ ਵਾਲੇ ਪਸ਼ੂ ਦੀ ਪੱਕੇ ਤੌਰ 'ਤੇ ਛਾਂਟੀ ਕਰੋ ।
2) ਪਸ਼ੂ ਨੂੰ ਸਹੀ ਸਰੀਰਕ ਵਜਨ 'ਤੇ ਹੀ ਆਸ ਕਰਵਾਉ ।
3) ਲਵੇਰੀਆਂ ਦਾ ਨੇੜਲੀ ਰਿਸ਼ਤੇਦਾਰੀ ਵਿੱਚ ਮਿਲਾਪ/ਮਸਨੂਈ ਗਰਭਦਾਨ ਨਾ ਕਰਵਾਉ । ਇਹ ਗੱਲ ਪਸ਼ੂ ਦਾ ਰਿਕਾਰਡ ਵੇਖ ਕੇ ਲੱਭੀ ਜਾ ਸਕਦੀ ਹੈ ।
4) ਟੀਕਿਆਂ ਦਾ ਸਿਲੰਡਰ ਲਵੇਰੀ ਕੋਲ ਹੋਣਾ ਜ਼ਰੂਰੀ ਹੈ। ਜੇਕਰ ਕੋਈ ਨੀਮ ਹਕੀਮ / ਝੋਲਾਛਾਪ ਪਾਣੀ/ਰੂੰਅ ਜਾਂ ਜੇਬ ਵਿੱਚ ਰੱਖ ਕੇ ਟੀਕਾ ਲੈ ਕੇ ਆਵੇ ਤਾਂ ਉਸ ਤੋਂ ਮਸਨੂਈ ਟੀਕਾ ਲਗਵਾਉਣ ਤੋਂ ਗੁਰੇਜ਼ ਕਰੋ ।
5) ਸਿਲੰਡਰ ਦਾ ਮੂੰਹ ਖੋਲਣ ਵੇਲੇ ਉਸ ਵਿਚੋਂ ਧੂੰਏ ਦੀ ਸ਼ਕਲ ਵਿੱਚ ਗੈਸ ਉੱਡਣੀ ਚਾਹੀਦੀ ਹੈ ।
6) ਸਿਲੰਡਰ ਵਿਚੋਂ ਟੀਕਾ ਹਮੇਸ਼ਾ ਨਚਕੁੰਡੀ ਨਾਲ ਕੱਢਣਾ ਚਾਹੀਦਾ ਹੈ।
7) ਟੀਕੇ ਨੂੰ ਸਿਲੰਡਰ ਵਿਚੋਂ ਕੱਢਣ ਉਪਰੰਤ, ਉਸਨੂੰ ਕੋਸੇ ਪਾਣੀ ($37\text{-}39^{0}C$) ਵਿੱਚ ਪਿਘਲਾਉਣਾ ਚਾਹੀਦਾ ਹੈ ।
8) ਟੀਕਾ ਲਗਵਾਉਣ ਵੇਲੇ ਪਸ਼ੂ ਚੰਗੀ ਤਰ੍ਹਾਂ ਕਾਬੂ ਕੀਤਾ ਹੋਣਾ ਚਾਹੀਦਾ ਹੈ।
9) ਮਸਨੂਈ ਗਰਭਦਾਨ ਤੋਂ ਪਹਿਲਾਂ ਪਸ਼ੂ ਦਾ ਪਿੱਛਾ (ਪੂੰਛ ਅਤੇ ਯੋਨੀ) ਵੀ ਚੰਗੀ ਤਰ੍ਹਾਂ ਧੋ ਦੇਣਾ ਚਾਹੀਦਾ ਹੈ ।
10) ਮਸਨੂਈ ਗਰਭਦਾਨ ਤੋਂ ਪਹਿਲਾਂ ਤਾਰਾਂ ਦੇ ਸਾਫ ਹੋਣ ਦੀ ਤਸੱਲੀ ਜ਼ਰੂਰ ਕਰੋ।
11) ਮਸਨੂਈ ਟੀਕੇ ਦੀ ਕਾਮਯਾਬੀ ਲਈ ਜ਼ਰੂਰੀ ਹੈ ਕਿ ਮਾਹਿਰ ਸਹੀ ਸਮੇਂ, ਸਹੀ ਤਰੀਕੇ ਅਤੇ ਸਹੀ ਜਗ੍ਹਾ 'ਤੇ ਟੀਕਾ ਲਗਾਵੇ ।
12) ਵੱਗ ਦੀ ਹਰੇਕ ਲਵੇਰੀ ਦਾ ਮੁਕੰਮਲ ਰਿਕਾਰਡ ਰੱਖੋ । ਸਾਨ੍ਹ ਦਾ ਨਾਮ ਜਾਂ ਨੰਬਰ ਰਿਕਾਰਡ ਬੁੱਕ ਵਿੱਚ ਜ਼ਰੂਰ ਦਰਜ ਕਰੋ । ਪੈਦਾ ਹੋਈ ਸੰਤਾਨ ਦੇ ਜਵਾਨ ਹੋਣ ਤੋਂ ਪਹਿਲਾਂ ਵੱਗ ਵਿਚੋਂ ਸਾਨ੍ਹ ਦੀ ਬਦਲੀ ਕਰੋ ।
13) ਸਾਨ੍ਹ ਦੀ ਵੀ ਸਮੇਂ ਸਮੇਂ 'ਤੇ ਡਾਕਟਰੀ ਜਾਂਚ ਕਰਵਾਉ ।
14) ਪਸ਼ੂਆਂ ਨੂੰ ਮਲੱਪ ਰਹਿਤ ਕਰਨ ਲਈ ਦਵਾਈ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਟੀਕੇ ਜ਼ਰੂਰ ਲਗਵਾਉ ।
15) ਪਸ਼ੂ ਨੂੰ ਸੰਤੁਲਿਤ ਖੁਰਾਕ (ਜਿਸ ਵਿੱਚ 2 ਫੀਸਦੀ ਧਾਤਾਂ ਦਾ ਚੂਰਾ ਹੋਵੇ) ਦਿਉ ।
16) ਨਵੀਂ ਖਰੀਦੀ ਹੋਈ ਵਹਿੜੀ/ਲਵੇਰੀ ਨੂੰ ਵੱਗ ਤੋਂ 21 ਦਿਨ ਵੱਖ ਰੱਖੋ ।


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**ਨਿਰਦੇਸ਼ਾਲਾ ਪਸਾਰ ਸਿੱਖਿਆ**

**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,**

**ਲੁਧਿਆਣਾ-141004**

ਫੋਨ : 0161-2414005, 2414026


# ਲਵੇਰੀਆਂ ਦਾ ਵਾਰ-ਵਾਰ ਫਿਰ ਜਾਣਾ

# REPEAT BREEDING IN DAIRY ANIMALS




ਡਾ. ਰਾਜੇਸ਼ ਕਸਰੀਜਾ

ਡਾ. ਹਰੀਸ਼ ਕੁਮਾਰ ਵਰਮਾ

ਡਾ. ਰਾਕੇਸ਼ ਕੁਮਾਰ ਸ਼ਰਮਾ

ਡਾ. ਖੁਸ਼ਪ੍ਰੀਤ ਸਿੰਘ

ਡਾ. ਸੁਰੇਸ਼ ਕੁਮਾਰ ਕਾਂਸਲ


**FFP FOLDER - 4**


**ACKNOWLEDGMENT**

We are highly thankful to Farmer FIRST Programme, ICAR, New Delhi for providing financial assistance to publish this folder for the benefit of farmers.



**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,**

**ਲੁਧਿਆਣਾ-141004**

ਮਸਨੂਈ ਗਰਭਦਾਨ ⟶ ਮੁੱਖ ਫਾਇਦਾ - ਨਸਲ ਸੁਧਾਰ, ਵੱਧ ਦੁੱਧ ਉਤਪਾਦਨ
ਵੱਡਾ ਨੁਕਸਾਨ - ਫਿਰ ਜਾਣ ਦੀ ਸਮੱਸਿਆ ਵਿੱਚ ਵਾਧਾ

**ਫਿਰ ਜਾਣਾ/ਆਸ ਨਾ ਹੋਣਾ/ਦੱਬਾ ਮਾਰਨ (Repeat Breeding):** ਲਵੇਰੀ ਹਰ ਬਾਈਏ (18-24 ਦਿਨਾਂ) 'ਤੇ ਹੇਹੇ ਵਿੱਚ ਆਉਂਦੀ ਹੈ ਅਤੇ ਬਾਹਰੀ ਤੌਰ 'ਤੇ ਵੇਖਣ ਨੂੰ ਬਿਲਕੁਲ ਤੰਦਰੁਸਤ ਜਾਪਦੀ ਹੈ, ਪਰ ਫਿਰ ਵੀ ਤਿੰਨ ਜਾਂ ਤਿੰਨ ਤੋਂ ਵੱਧ ਵਾਰ ਆਸ ਕਰਵਾਉਣ ਤੋਂ ਬਾਅਦ ਵੀ ਗੱਭਣ ਨਹੀਂ ਹੁੰਦੀ। ਇਸ ਸਮੱਸਿਆ ਨੂੰ ਦੱਬਾ ਮਾਰਨਾ ਜਾਂ ਫਿਰ ਜਾਣਾ ਆਖਦੇ ਹਨ। ਅਜਿਹੀ ਲਵੇਰੀ ਨੂੰ ਰਪੀਟ ਬਰੀਡਰ ਕਿਹਾ ਜਾਂਦਾ ਹੈ।

**ਫਿਰ ਜਾਣ ਦਾ ਅਸਰ :**

- ਘੱਟ ਬੱਚਿਆਂ ਦਾ ਜਨਮ - ਦੋ ਸੂਇਆਂ ਦੇ ਅੰਤਰਾਲ ਵਿੱਚ ਵਾਧਾ
- ਸੂਣ ਤੋਂ ਆਸ ਹੋਣ ਦੇ ਸਮੇਂ ਵਿੱਚ ਵਾਧਾ - ਘੱਟ ਦੁੱਧ ਉਤਪਾਦਨ - ਆਰਥਿਕ ਨੁਕਸਾਨ

**ਇਕ ਵਾਰ ਫਿਰ ਜਾਣ ਨਾਲ 8000-9000 ਰੁਪਏ ਦਾ ਨੁਕਸਾਨ**

ਫਿਰ ਜਾਣਾ ⟶ ਪੂਰੇ ਵੱਗ ਦੀ ਸਮੱਸਿਆ : ਮਾੜਾ ਪ੍ਰਬੰਧ
ਲਵੇਰੀ ਵਿੱਚ ਨੁਕਸ ਹੋਣ ਦੀ ਘੱਟ ਉਮੀਦ

ਫਿਰ ਜਾਣ ਦੇ ਕਾਰਨ

ਲਵੇਰੀ ਨਾਲ ਸਬੰਧਤ | ਸਾਨ੍ਹ ਜਾਂ ਵੀਰਜ ਨਾਲ ਸਬੰਧਤ | ਆਸ ਕਰਵਾਉਣ ਸਬੰਧੀ | ਪ੍ਰਬੰਧਕੀ ਕਾਰਨ

### 1) ਲਵੇਰੀ ਨਾਲ ਸਬੰਧਤ ਕਾਰਨ :

**ੳ) ਜਨਣ ਅੰਗਾਂ ਵਿੱਚ ਨੁਕਸ :**

**1) ਬੱਚੇਦਾਨੀ ਦੇ ਮੂੰਹ ਦਾ ਮੁੜਿਆ ਹੋਣਾ (Kinked Cervix) :** ਜਦ ਵੀ ਕੋਈ ਨੀਮ ਹਕੀਮ / ਅਨਜਾਣ ਬੰਦਾ ਮਸਨੂਈ ਗਰਭਦਾਨ ਕਰਨ ਸਮੇਂ ਮਸਨੂਈ ਗਰਭਦਾਨ ਵਾਲੀ ਨਾਲੀ ਨੂੰ ਸਰਵਿਕਸ ਵਿੱਚੋਂ ਲੰਘਾਉਣ ਵਾਸਤੇ ਜ਼ਿਆਦਾ ਜੋਰ ਲਗਾਉਂਦਾ ਹੈ ਤਾਂ ਸਰਵਿਕਸ 'ਤੇ ਜ਼ਖਮ ਹੋ ਜਾਂਦੇ ਹਨ। ਵਾਰ-ਵਾਰ ਜ਼ਖਮ ਹੋਣ ਨਾਲ ਸੋਜ ਹੋਣ ਕਰਕੇ ਸਰਵਿਕਸ ਮੁੜ ਜਾਂਦੀ ਹੈ। ਨਤੀਜੇ ਵਜੋਂ ਅਗਾਂਹ ਤੋਂ ਮਸਨੂਈ ਗਰਭਦਾਨ ਵਾਲੀ ਨਾਲੀ ਦੇ ਨਾਲ ਬੱਚੇਦਾਨੀ ਵਿੱਚ ਵੀਰਜ ਛੱਡਿਆ ਜਾਣਾ ਮੁਸ਼ਕਲ ਹੋ ਜਾਂਦਾ ਹੈ।

**2) ਆਂਡੇਦਾਨੀ ਦਾ ਝਿੱਲੀ ਨਾਲ ਜੁੜ ਜਾਣਾ (Ovaro bursal adhesion) :** ਜੇਕਰ ਕੋਈ ਨੀਮ ਹਕੀਮ ਆਂਡੇਦਾਨੀ ਦਾ ਮੁਆਇਨਾ ਕਰੇ ਅਤੇ ਆਂਡੇਦਾਨੀ ਉੱਪਰ ਜ਼ਿਆਦਾ ਜੋਰ ਅਜਮਾਇਸ਼ ਕਰੇ ਤਾਂ ਵੀ ਆਂਡੇਦਾਨੀ ਝਿੱਲੀ ਨਾਲ ਜੁੜ ਸਕਦੀ ਹੈ।

**3) ਅੰਡੇਨਾਲੀ ਦਾ ਬੰਦ ਹੋਣਾ :** ਅਗਰ ਬੱਚੇਦਾਨੀ ਵਿੱਚ ਕੋਈ ਚਰਮਾਉਣ ਵਾਲੀ ਦਵਾਈ ਜ਼ਿਆਦਾ ਮਿਕਦਾਰ ਅਤੇ ਤੇਜ ਰਫਤਾਰ ਨਾਲ ਭਰੀ ਜਾਵੇ ਤਾਂ ਅੰਡਨਾਲੀ ਬੰਦ ਹੋ ਸਕਦੀਆਂ ਹਨ।

**4) ਬੱਚੇਦਾਨੀ ਦੀ ਰਸੌਲੀ (Tumor)**

**5) ਜਮਾਂਦਰੂ ਨੁਕਸ (ਅੰਡੇਦਾਨੀ/ਬੱਚੇਦਾਨੀ/ਯੋਨੀ ਦੇ ਕਿਸੇ ਹਿੱਸੇ ਦਾ ਵਿਕਸਿਤ ਨਾ ਹੋਣਾ।**

**ਅ) ਘੱਟ ਸ਼ਰੀਰਕ ਭਾਰ :** ਪਸ਼ੂ ਦਾ ਗੱਭਣ ਹੋਣਾ, ਉਮਰ ਨਾਲੋਂ ਸਰੀਰਕ ਭਾਰ 'ਤੇ ਜ਼ਿਆਦਾ ਨਿਰਭਰ ਕਰਦਾ ਹੈ।

| ਨਸਲ | ਗੱਭਣ ਹੋਣ ਲਈ ਲੋੜੀਂਦਾ ਘੱਟੋ ਘੱਟ ਸਰੀਰਕ ਭਾਰ |
|---|---|
| ਦੇਸੀ / ਜਰਸੀ ਨਸਲ ਦੀ ਵਹਿੜ | 225-250 ਕਿਲੋ |
| ਐਚ ਐਫ/ਦੋਗਲੀ ਵਹਿੜ | 250-275 ਕਿਲੋ |
| ਝੋਟੀ | 300 ਕਿਲੋ |

**ੲ) ਲਵੇਰੀਆਂ ਦਾ ਨੇੜਲੀ ਰਿਸ਼ਤੇਦਾਰੀ ਵਿੱਚ ਮਿਲਾਪ (Inbreeding):** ਇਸ ਤਰ੍ਹਾਂ ਦੇ ਮਿਲਾਪ ਕਾਰਨ ਪੈਦਾ ਹੋਈ ਸੰਤਾਨ ਵੱਧ ਬਿਮਾਰੀਆਂ ਦੀ ਸ਼ਿਕਾਰ ਹੁੰਦੀ ਹੈ ਅਤੇ ਉਸਦੀ ਜਨਣ ਸ਼ਕਤੀ ਅਤੇ ਵਿਕਾਸ ਦਰ ਵੀ ਘੱਟ ਹੁੰਦੀ ਹੈ।

**ਸ) ਬੱਚੇਦਾਨੀ ਦੀ ਅੰਦਰੂਨੀ ਸੋਜ (Endometritis):**

- ਬੱਚੇਦਾਨੀ ਅੰਦਰ ਗੰਦੇ ਜਰਾਸੀਮ ਯੁਕਤ ਔਜ਼ਾਰਾਂ ਦੀ ਵਰਤੋਂ ਨਾਲ
- ਮਸਨੂਈ ਗਰਭਦਾਨ ਵੇਲੇ ਸਾਫ-ਸਫਾਈ ਦਾ ਨਾ ਹੋਣਾ
- ਬੱਚੇਦਾਨੀ ਅੰਦਰ ਤੇਜ਼ ਲੜਨ ਵਾਲੀ ਦਵਾਈ ਭਰਵਾਉਣ ਨਾਲ
- ਪਿਛਲੇ ਸੂਏ ਵਿੱਚ ਔਖੀ ਸੁਆਈ, ਜੇਰ ਰੁੱਕ ਜਾਣ ਕਾਰਨ

ਹ) ਕੁੱਝ ਗਾਂਵਾਂ ਵਿੱਚ 'ਪਰੋਜੇਸਟਰੋਨ' ਨਾਮਕ ਰਸਾਇਣ ਦੀ ਘਾਟ ਕਾਰਣ

ਕ) ਅੰਡ ਦਾ ਦੇਰੀ ਨਾਲ ਫੁੱਟਣਾ ਜਾਂ ਨਾ ਫੁੱਟਣਾ

ਖ) ਅੰਡੇਦਾਨੀ ਉੱਤੇ ਛਾਲਾ

ਗ) ਤਾਰਾਂ ਦਾ ਸਾਫ ਨਾ ਹੋਣਾ

ਘ) ਦੁੱਧ ਦੀ ਵੱਧ ਪੈਦਾਵਾਰ ਦਾ ਬੋਝ

ਙ) ਮੌਸਮੀ ਬੋਝ

ਚ) ਪਸ਼ੂ ਉੱਪਰ ਹੋਰ ਤਨਾਉ : ਸ਼ੈੱਡ ਅੰਦਰ ਪਸ਼ੂਆਂ ਦੀ ਭੀੜ ਹੋਣਾ, ਵੱਧੇ ਹੋਏ ਖੁਰ, ਜ਼ਿਆਦਾ ਤੋਰਾ-ਫੇਰਾ

### 2) ਸਾਨ੍ਹ/ਵੀਰਜ਼ ਨਾਲ ਸਬੰਧਤ ਕਾਰਨ :

**ੳ) ਸਾਨ੍ਹ ਦਾ ਵੀਰਜ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਪੀੜ੍ਹਤ ਹੋਣਾ :** ਜੇਕਰ ਸਾਨ੍ਹ ਵੀਰਜ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਵੀਬਰੀਉਸੀਸ, ਟ੍ਰਾਈਕੋਮੋਨੀਐਸੀਸ, ਵਿਸ਼ਾਣੂ ਰੋਗ ਜਾਂ ਉੱਲੀ ਰੋਗ ਤੋਂ ਪੀੜ੍ਹਤ ਹੋਵੇ ਤਾਂ ਵੀ ਲਵੇਰੀ ਫਿਰ ਸਕਦੀ ਹੈ।

**ਅ) ਸਾਨ੍ਹ ਦੀ ਗੱਭਣ ਕਰਨ ਦੀ ਸਮੱਰਥਾ ਵਿੱਚ ਕਮੀ :** ਜੇਕਰ ਸਾਨ੍ਹ ਦੇ ਵੀਰਜ ਵਿੱਚ ਜਿੰਦਾ ਸ਼ੁਕਰਾਣੂ ਘੱਟ ਹੋਣ ਅਤੇ ਸ਼ੁਕਰਾਣੂਆਂ ਦੀ ਹਲਚਲ ਘੱਟ ਹੋਵੇ, ਬਿਮਾਰ ਜਾਂ ਤੁੜੇ-ਮੁੜੇ ਸ਼ੁਕਰਾਣੂ ਹੋਣ ਤਾਂ ਵੀ ਲਵੇਰੀ ਵਿੱਚ ਫਿਰ ਜਾਣ ਦੀ ਸਮੱਸਿਆ ਹੋ ਸਕਦੀ ਹੈ।

**ੲ) ਸਾਨ੍ਹ ਦੀ ਜਰੂਰਤ ਨਾਲੋਂ ਵੱਧ ਵਰਤੋਂ :** ਸਾਨ੍ਹ ਦਾ ਆਸ ਕਰਵਾਉਣ ਲਈ ਹਫਤੇ ਵਿੱਚ ਦੋ ਤੋਂ ਤਿੰਨ ਵਾਰ ਤੋਂ ਵੱਧ ਇਸਤੇਮਾਲ ਕਰਨ ਨਾਲ ਵੀ ਇਹ ਸਮੱਸਿਆ ਆਉਂਦੀ ਹੈ।

**ਸ) ਇੱਕੋ ਸਾਨ੍ਹ ਦਾ ਵੀਰਜ ਵਾਰ-ਵਾਰ ਇੱਕੋ ਹੀ ਗਾਂ ਵਿੱਚ ਵਰਤਣਾ ਵੀ ਮਾੜਾ ਹੁੰਦਾ ਹੈ।**

**ਹ) ਵੀਰਜ਼ ਦੀ ਸੰਭਾਲ ਵਿੱਚ ਕਮੀ :** ਵੀਰਜ ਦੇ ਟੀਕਿਆਂ ਵਾਲੇ ਸਿਲੰਡਰ ਵਿੱਚ ਸਮੇਂ ਸਿਰ ਤਰਲ ਨਾਈਟ੍ਰੋਜਨ ਗੈਸ ਨਾ ਭਰਵਾਉਣ ਨਾਲ ਟੀਕਿਆਂ ਵਿਚਲੇ ਸ਼ੁਕਰਾਣੂ ਮਰ ਜਾਂਦੇ ਹਨ ਅਤੇ ਫਿਰ ਜਾਣ ਦਾ ਕਾਰਨ ਬਣਦੇ ਹਨ।

ਕ) ਹੋਰ ਕਾਰਨ ਜਿਵੇਂ ਕਿ ਬਿਮਾਰ ਸਾਨ੍ਹ, ਮਾੜੀ ਨਸਲ / ਮਾੜੀ ਖੁਰਾਕ, ਮਾੜਾ ਪ੍ਰਬੰਧ

### 3) ਆਸ ਕਰਵਾਉਣ ਸਬੰਧੀ

**ੳ) ਮਾੜਾ ਵੀਰਜ**

**ਅ) ਮਸਨੂਈ ਗਰਭਦਾਨ ਦੀ ਤਕਨੀਕ ਦਾ ਗਲਤ ਹੋਣਾ**

- ਤਰਲ ਨਾਈਟ੍ਰੋਜਨ ਗੈਸ ਦੇ ਸਿਲੰਡਰ ਨੂੰ ਖੋਲ ਕੇ ਟੀਕਿਆਂ ਨੂੰ ਕੁਪੀਆਂ ਜਾਂ ਕੈਨੀਸਟਰ ਤੋਂ ਬਾਹਰ ਕੱਢ ਕੇ ਪਹਿਚਾਨਣਾ
- ਵੀਰਜ ਨੂੰ ਪਿਘਲਾਉਣ ਵਾਸਤੇ ਸਮਾਂ ਅਤੇ ਤਾਪਮਾਨ ਦਾ ਠੀਕ ਨਾ ਹੋਣਾ
- ਮਸਨੂਈ ਗਰਭਦਾਨ ਦੀ ਤਕਨੀਕ ਵਿੱਚ ਮੁਹਾਰਤ ਨਾ ਹੋਣੀ

**ੲ) ਹੇਹੇ ਦੇ ਲੱਛਣਾਂ ਅਤੇ ਆਸ ਕਰਵਾਉਣ ਦੇ ਸਹੀ ਸਮੇਂ ਦੀ ਘੱਟ ਜਾਣਕਾਰੀ**

| ਨਸਲ | ਆਸ ਕਰਵਾਉਣ ਦਾ ਸਹੀ ਸਮਾਂ |
|---|---|
| ਦੇਸੀ ਗਾਂ / ਝੋਟੀ / ਮੱਝ | ਸਵੇਰ-ਸ਼ਾਮ ਦਾ ਨਿਯਮ |
| ਦੋਗਲੀ / ਵਲੈਤੀ ਗਾਂ | ਅੱਧੇ ਹੇਹੇ ਤੋਂ ਅਖੀਰ ਤੱਕ ਦੇ ਸਮੇਂ ਵਿੱਚ ਜਾਂ ਹੇਹਾ ਖਤਮ ਹੋਣ ਤੋਂ ਛੇ ਤੋਂ ਅੱਠ ਘੰਟੇ ਪਹਿਲਾਂ |

ਸ) ਹੇਹਾ ਲੰਘਣ ਤੋਂ ਬਾਅਦ ਜਾਣ-ਬੁੱਝ ਕੇ ਪਸ਼ੂ ਨੂੰ ਆਸ ਕਰਵਾਉਣਾ

ਹ) ਮਸਨੂਈ ਟੀਕੇ ਦਾ ਰਿਕਾਰਡ ਨਾ ਰੱਖਣਾ

ਕ) ਪਸ਼ੂ ਨੂੰ ਮਾਰਨਾ / ਲੰਬੀ ਦੂਰੀ ਲਈ ਤੋਰਨਾ

### 4) ਪ੍ਰਬੰਧਕੀ ਕਾਰਨ :

**ੳ) ਸੰਤੁਲਿਤ ਖੁਰਾਕ ਦੀ ਘਾਟ :** ਸੰਤੁਲਿਤ ਖੁਰਾਕ ਸ਼ਰੀਰਕ ਵਜਨ ਦੇ ਨਾਲ-ਨਾਲ ਜਨਣ ਅੰਗਾਂ ਦੇ ਵਿਕਾਸ ਅਤੇ ਪ੍ਰਜਨਣ ਲਈ ਵੀ ਜ਼ਰੂਰੀ ਹੈ।

- ਖੁਰਾਕ ਵਿੱਚ ਲੋੜੋਂ ਵੱਧ ਅਨਾਜ - ਪਸ਼ੂ ਦਾ ਮੋਟਾ ਹੋ ਜਾਣਾ
- ਖੁਰਾਕ ਵਿੱਚ ਲੋੜੋਂ ਵੱਧ ਖਲਾਂ - ਭਰੂਣ ਦਾ ਨਾ ਬਣਨਾ ਜਾਂ ਮੌਤ